# ਡਾਇਰੈਕਟਰ ਜਨਰਲ ਸਕੂਲ ਸਿਖਿਆ
# ਪੰਜਾਬ ਆਈ.ਸੀ.ਟੀ ਸਿਖਿਆ ਸੋਸਾਇਟੀ

**ਐਸ ਸੀ ਓ-104-106, ਸੈਕਟਰ- 34 A, ਚਡੀਗੜ੍ਹ**
**ਫੋਨ ਨੰ: 2623207,2621106,2624673,ਫੈਕਸ ਨੰ: 2624687,2323206**

ਵੱਲ

ਜਿਲ੍ਹਾ ਸਿੱਖਿਆ ਅਧਿਕਾਰੀ (ਸੈ.ਸਿੱ),
ਅੰਮ੍ਰਿਤਸਰ, ਬਰਨਾਲਾ, ਬਠਿੰਡਾ, ਫਰੀਦਕੋਟ, ਫਤਿਹਗੜ੍ਹ ਸਾਹਿਬ, ਗੁਰਦਾਸਪੁਰ, ਮਾਨਸਾ, ਮੋਗਾ, ਮੁਕਤਸਰ, ਨਵਾਂ ਸ਼ਹਿਰ, ਪਟਿਆਲਾ, ਰੋਪੜ, ਫਿਰੋਜਪੁਰ, ਕਪੂਰਥਲਾ, ਲੁਧਿਆਣਾ, ਅਤੇ ਹੁਸ਼ਿਆਰਪੁਰ, ਸੰਗਰੂਰ, ਤਰਨਤਾਰਨ।

ਮੀਮੋ ਨੰ: 2/30-ICT-2010/Training/36255
ਮਿਤੀ 7-05-2010

ਵਿਸ਼ਾ: **ਮਾਲ ਵਿਭਾਗ ਪੰਜਾਬ ਹੇਠ ਪਟਵਾਰੀਆਂ ਦੀ ਟਰੇਨਿੰਗ ਬਾਰੇ।**

1. ਕਿਰਪਾ ਕਰਕੇ ਇਸ ਦਫਤਰ ਦੀਆਂ ਈ-ਮੇਲ ਨੰ : 2/30-ICT-2010/Training/35897 ਮਿਤੀ 5-05-2010 ਅਤੇ ਮਿਤੀ 7-05-2010 ਵੱਲ ਧਿਆਨ ਦੇਵੋ ਜੀ।

2. ਮਾਲ ਵਿਭਾਗ ਪੰਜਾਬ ਨੇ ਪਿਕਟਸ ਨੂੰ ਪਟਵਾਰੀਆਂ ਨੂੰ ਟ੍ਰੇਨਿੰਗ ਦੇਣ ਲਈ 24 ਕੰਪਿਊਟਰ ਲੈਬਾਂ ਲਈ ਬੇਨਤੀ ਕੀਤੀ ਹੈ। ਇਸ ਦਫਤਰ ਵੱਲੋਂ ਚੁਣੀਆਂ ਹੋਈਆਂ ਲੈਬਾਂ / ਸਕੂਲਾਂ ਦੀ ਸੂਚੀ ਨਾਲ ਨੱਥੀ ਹੈ। ਇਹ ਟ੍ਰੇਨਿੰਗ ਤਕਰੀਬਨ 8 ਮਹੀਨੇ ਤੱਕ ਚੱਲੇਗੀ ਅਤੇ ਇਸ ਲਈ ਕਲਾਸਾਂ ਸਕੂਲ ਟਾਈਮ ਤੋਂ ਬਾਅਦ 2:30 ਵਜੇ ਤੋਂ 6:30 PM ਤੱਕ ਰੋਜਾਨਾ (ਐਤਵਾਰ ਛੱਡ ਕੇ) 4 ਘੰਟਿਆਂ ਲਈ ਲੱਗਣਗੀਆਂ। ਜੂਨ 2010 ਵਿੱਚ ਗਰਮੀਆਂ ਦੀਆਂ ਛੁੱਟੀਆਂ ਦੌਰਾਨ, ਇਹ ਕਲਾਸਾਂ ਦੋ ਸ਼ਿਫਟਾਂ ਵਿੱਚ ਲੱਗਣਗੀਆਂ।

3. ਟ੍ਰੇਨਿੰਗ ਲਈ ਸਾਫਟਵੇਅਰ ਅਤੇ ਟੀਚਰ, ਮਾਲ ਵਿਭਾਗ ਵੱਲੋਂ ਮੁਹੱਈਆ ਹੋਣਗੇ। ਪਿਕਟਸ ਵੱਲੋਂ ਕੰਪਿਊਟਰ ਲੈਬਾਂ ਅਤੇ ਬਿਜਲੀ ਦਾ ਅਟੁੱਟ ਪ੍ਰਬੰਧ ਕੀਤਾ ਜਾਣਾ ਹੈ। ਬਿਜਲੀ ਬੰਦ ਹੋਣ ਦੀ ਸੂਰਤ ਵਿੱਚ ਸਕੂਲਾਂ ਦੇ ਜਨਰੇਟਰਾਂ ਦਾ ਇਸਤੇਮਾਲ ਕੀਤਾ ਜਾਵੇਗਾ। ਹਰ ਲੈਬ ਲਈ ਜਨਰੇਟਰ ਨੂੰ ਚਲਾਉਣ ਲਈ ਅਪਰੇਟਰ-ਕਮ-ਸੇਵਾਦਾਰ ਦੀ ਨਿਯੁਕਤੀ ਕੀਤੀ ਜਾਵੇਗੀ। ਸਕੂਲਾਂ ਨੂੰ ਇਸ ਦਫਤਰ ਵੱਲੋਂ ਹੇਠ ਲਿਖੇ ਖਰਚੇ ਹਰ ਲੈਬ ਲਈ ਪ੍ਰਤੀ ਮਹੀਨਾ ਦਿੱਤੇ ਜਾਣਗੇ।

| | | | |
|---|---|---|---|
| (a) | ਜਨਰੇਟਰ ਲਈ ਡੀਜ਼ਲ | – | 4000/- ਰੁਪਏ |
| (b) | ਅਪਰੇਟਰ-ਕਮ-ਸੇਵਾਦਾਰ ਨੂੰ ਭੱਤਾ | – | 1000/- ਰੁਪਏ |
| (c) | ਬਿਜਲੀ ਦੇ ਬਿਲ ਵਾਸਤੇ | – | 500/- ਰੁਪਏ |
| (d) | ਲੈਬ ਵਿੱਚ ਹਾਰਡਵੇਅਰ / ਸਾਫਟਵੇਅਰ ਮੇਂਨਟੇਨੈਂਸ ਲਈ | – | 1500/- ਰੁਪਏ |

4. ਮਾਲ ਵਿਭਾਗ ਵੱਲੋਂ ਮੰਗ ਰੱਖੀ ਗਈ ਹੈ ਕਿ ਚੁਣੀਆਂ ਲੈਬਾਂ ਵਿੱਚ ਸਰਵਰ ਦੀ RAM, 2GB ਅਤੇ ਕਲਾਇੰਟ ਦੀ RAM, 512 MB ਹੋਣੀ ਚਾਹੀਦੀ ਹੈ। ਇਸ ਬਾਰੇ ਆਪ ਜੀ ਨੂੰ ਈ-ਮੇਲ ਰਾਹੀਂ ਹਦਾਇਤਾਂ ਦਿੱਤੀਆਂ ਜਾ ਚੁੱਕੀਆਂ ਹਨ। RAM ਨੂੰ ਵਧਾਉਣ ਲਈ ਖਰਚਾ ਕੰਟੀਜੈਂਸੀ ਗਰਾਂਟ ਵਿੱਚੋ ਕੀਤਾ ਜਾ ਸਕਦਾ ਹੈ ਜਿਸਦੀ ਕਿ ਇਸ ਦਫਤਰ ਵੱਲੋਂ ਪ੍ਰਤੀ-ਪੂਰਤੀ ਕਰ ਦਿੱਤੀ ਜਾਵੇਗੀ। ਲੈਬ ਵਿੱਚ ਹਾਰਡਵੇਅਰ ਅਤੇ ਸਾਫਟਵੇਅਰ ਦੀ ਮੇਂਟੈਨੈਂਸ ਵਾਸਤੇ ਕੋਈ AMC ਨਹੀਂ ਕੀਤਾ ਜਾਵੇਗਾ। ਸਥਾਨਕ ਡੀਲਰ ਨਾਲ ਤਾਲਮੇਲ ਕਰਕੇ ਜ਼ਰੂਰਤ ਅਨੁਸਾਰ ਖਰਾਬੀਆਂ

ਨੂੰ ਠੀਕ ਕਰਵਾਇਆ ਜਾਵੇਗਾ। ਇਸ ਲਈ 1500/- ਰੁਪਏ ਪ੍ਰਤੀ ਮਹੀਨਾ ਪ੍ਰਤੀ ਲੈਬ ਦਿੱਤੇ ਜਾ ਰਹੇ ਹਨ।

5. ਮਾਲ ਵਿਭਾਗ ਵੱਲੋਂ 10 ਮਈ 2010 ਤੋਂ ਇਹ ਟ੍ਰੇਨਿੰਗ ਸ਼ੁਰੂ ਕਰਨੀ ਹੈ। RAM ਵਧਾਉਣ ਦਾ ਕੰਮ 7 ਮਈ 2010 ਤੱਕ ਹਰ ਹਾਲਤ ਵਿੱਚ ਮੁਕੰਮਲ ਹੋ ਜਾਣਾ ਚਾਹੀਦਾ ਹੈ।

6. ਮਾਲ ਵਿਭਾਗ ਵੱਲੋਂ ਜਿਨ੍ਹਾਂ ਲੈਬਾਂ ਵਿੱਚ 7 ਮਈ 2010 ਨੂੰ ਸਾਫਟਵੇਅਰ ਲੋਡ ਨਹੀਂ ਕੀਤੀ ਜਾਂਦੀ ਉਹਨਾਂ ਵਿੱਚ 8 ਮਈ 2010 ਨੂੰ ਕੀਤੀ ਜਾਵੇਗੀ। ਜਿਸ ਲਈ 8 ਮਈ 2010 ਨੂੰ ਲੈਬ ਖੁੱਲ੍ਹੀ ਰੱਖੀ ਜਾਵੇਗੀ ਅਤੇ ਇੱਕ ਕੰਪਿਊਟਰ ਟੀਚਰ ਨੂੰ ਤਾਇਨਾਤ ਕੀਤਾ ਜਾਵੇਗਾ।

**ਡਾਇਰੈਕਟਰ ਜਨਰਲ ਸਕੂਲ ਸਿਖਿਆ**
**ਪੰਜਾਬ**